# ਦਫ਼ਤਰ, ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਿਟੀ, ਪੰਜਾਬ।

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਲ, ਫ਼ੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ**
**ਫ਼ੋਨ ਨੰ: 01725212329 ਈ-ਮੇਲ : aspdtb123@gmail.com**

ਵੱਲ:

ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ ਤੇ ਸੈਸਿ), ਪੰਜਾਬ।

ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।

ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ: ਸਸਅ/ਐਫ਼ਟੀਬੀ/2018/੫੧੮੬
ਮਿਤੀ, ਸਅਸ ਨਗਰ: 23-03-2018

**ਵਿਸ਼ਾ: ਨਵੇਂ ਵਿੱਦਿਅਕ ਵਰ੍ਹੇ 2018-19 ਲਈ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਪਹਿਲੀ ਤੋਂ ਬਾਹਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕਿਤਾਬਾਂ ਦੀ ਸਪਲਾਈ ਯਕੀਨੀ ਬਣਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਵੇਂ ਕਿ ਆਪ ਸਭ ਨੂੰ ਪਤਾ ਹੀ ਹੈ ਕਿ ਰਾਜ ਸਰਕਾਰ ਦੇ ਫ਼ੈਸਲੇ ਅਨੁਸਾਰ ਰਾਜ ਦੇ ਸਰਕਾਰੀ ਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਪਹਿਲੀ ਤੋਂ ਬਾਹਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਨਵੇਂ ਵਿੱਦਿਅਕ ਵਰ੍ਹੇ 2018-19 ਦੌਰਾਨ ਸਕੂਲ ਪੱਧਰ ਤੱਕ ਕਿਤਾਬਾਂ ਮੁਹੱਈਆ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਤੁਰੰਤ ਕਦਮ ਚੁੱਕਣ ਦੀ ਜ਼ਰੂਰਤ ਹੈ:

1. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਲਾਕ ਪੱਧਰ ਤੱਕ ਕੀਤੀ ਗਈ ਕਿਤਾਬਾਂ ਦੀ ਸਪਲਾਈ ਬਾਰੇ ਲਗਾਤਾਰ ਜਾਣਕਾਰੀ ਪ੍ਰਾਪਤ ਕੀਤੀ ਜਾਵੇ, ਕਿਉਂ ਜੋ ਕਿਤਾਬਾਂ ਦੀ ਛਪਾਈ ਤੇ ਬਲਾਕ ਪੱਧਰ ਤੱਕ ਸਪਲਾਈ ਪਸਸਬ ਵੱਲੋਂ ਕੀਤੀ ਜਾ ਰਹੀ ਹੈ।
2. ਜ਼ਿਲ੍ਹਾ / ਬਲਾਕ ਅਤੇ ਸਕੂਲ ਪੱਧਰ ਤੱਕ ਕਿਤਾਬਾਂ ਦੀ ਸਪਲਾਈ ਯਕੀਨੀ ਬਣਾਉਣ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਸਬੰਧਤ ਜ਼ਿਲ੍ਹੇ ਦਾ ਨੋਡਲ ਅਫ਼ਸਰ ਐਲਾਨਿਆ ਜਾਂਦਾ ਹੈ।ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਕਿਤਾਬਾਂ ਦੀ ਪਹੁੰਚ ਸਬੰਧੀ ਜਾਣਕਾਰੀ ਵੈਬ-ਪੋਰਟਲ 'ਤੇ ਅੱਪਲੋਡ ਕਰਨਗੇ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਸਿ) ਇਸ ਦੀ ਮੌਨੀਟਰਿੰਗ ਕਰਨਗੇ।ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਪਸਸਬ ਵੱਲੋਂ ਬਲਾਕ-ਵਾਰ ਭੇਜੀ ਜਾ ਰਹੀ ਕਿਤਾਬਾਂ ਦੀ ਸੂਚਨਾ ਇਸ

ਦਫ਼ਤਰ ਦੀ ਈ-ਮੇਲ aspdtb123@gmail.com 'ਤੇ ਭੇਜਣੀ ਯਕੀਨੀ ਬਣਾਉਣ ਅਤੇ ਇਹ ਵੀ ਅੰਕਿਤ ਕੀਤਾ ਜਾਵੇ ਕਿ ਬਕਾਇਆ ਕਿਤਾਬਾਂ ਦੀ ਗਿਣਤੀ ਕੀ ਹੈ।

3. ਮੌਜੂਦਾ ਸਮੇਂ ਬਲਾਕ ਪੱਧਰ 'ਤੇ ਅਮਲੇ ਦੀ ਘਾਟ ਕਾਰਨ ਹਾਈ ਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਕੰਮ ਕਰਦੇ ਸੀਨੀਅਰ ਲੈਬ ਅਟੈਂਡੈਂਟਸ (SLAs) ਦੀ ਡਿਊਟੀ ਆਰਜੀ ਤੌਰ 'ਤੇ ਅਪ੍ਰੈਲ ਦੇ ਪਹਿਲੇ ਪੰਦਰਵਾੜੇ ਭਾਵ ਕਿ 02-04-2018 ਤੋਂ 14-04-2018 ਤੱਕ ਬਲਾਕ ਪੱਧਰ 'ਤੇ ਲਗਾਈ ਜਾਂਦੀ ਹੈ ਤਾਂ ਜੋ ਕਿਤਾਬਾਂ ਦੀ ਸਪਲਾਈ ਸਕੂਲ/ ਵਿਦਿਆਰਥੀਆਂ ਤੱਕ ਜਲਦ ਕਰਵਾਉਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ।

4. ਮੁੱਖ ਦਫ਼ਤਰ ਕੋਲ ਪ੍ਰਾਪਤ ਸੂਚਨਾ ਅਨੁਸਾਰ ਹਰ ਬਲਾਕ ਵਿੱਚ ਸੀਨੀਅਰ ਲੈਬ ਅਟੈਂਡੈਂਟਸ (SLAs) ਦੀ ਗਿਣਤੀ ਵੱਧ/ ਘੱਟ ਜਾਂ ਅਸਾਵੀਂ ਹੈ ਇਸ ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਜ਼ਿਲ੍ਹੇ ਨਾਲ ਸਬੰਧਤ ਸਿੱਖਿਆ ਬਲਾਕਾਂ ਵਿੱਚ ਤਾਇਨਾਤ ਸੀਨੀਅਰ ਲੈਬ ਅਟੈਂਡੈਂਟਸ (SLAs) ਦੀ ਬਲਾਕ-ਵਾਈਜ਼ ਤਰਕਸੰਗਤ ਵੰਡ ਕਰਕੇ ਆਰਜੀ ਤਾਇਨਾਤੀ ਕਰ ਦੇਣ ਤਾਂ ਜੋ ਹਰ ਬਲਾਕ ਵਿੱਚ ਇਸ ਕਾਰਜ ਨੂੰ ਸੁਚਾਰੂ ਰੂਪ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

5. ਇਸ ਤੋਂ ਇਲਾਵਾ ਕਿਤਾਬਾਂ ਸਬੰਧੀ ਕੋਈ ਵੀ ਸ਼ਿਕਾਇਤ ਜਾਂ ਸੂਚਨਾ ਸਿੱਖਿਆ ਵਿਭਾਗ ਦੇ **Toll Free** ਫ਼ੋਨ ਨੰਬਰ 0172-5212302 ਅਤੇ ਰਿਸੈਪਸ਼ਨ ਦੇ ਨੰਬਰ 0172-5212313 'ਤੇ ਭੇਜੀ ਜਾ ਸਕਦੀ ਹੈ।ਸ਼ਿਕਾਇਤ ਪ੍ਰਾਪਤ ਹੋਣ ਉਪਰੰਤ ਟੈਕਸਟ ਬੁੱਕ ਸਾਖਾ ਵੱਲੋਂ ਇਸ ਬਾਰੇ ਸਬੰਧਤ ਜ਼ਿਲ੍ਹੇ ਦੇ ਨੋਡਲ ਅਫ਼ਸਰ-ਕਮ- ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿ) ਨਾਲ ਰਾਬਤਾ ਬਣਾ ਕੇ ਯੋਗ ਕਾਰਵਾਈ ਕੀਤੀ ਜਾਵੇਗੀ।

6. ਇਸ ਤੋਂ ਇਲਾਵਾ ਮੁੱਖ ਦਫ਼ਤਰ ਸਰਵ ਸਿੱਖਿਆ ਅਭਿਆਨ ਵੱਲੋਂ ਸਾਲ 2018-19 ਲਈ ਕਿਤਾਬਾਂ ਦੀ ਸਪਲਾਈ ਬਾਰੇ ਸੂਚਨਾ ਅੱਪਡੇਟ ਕਰਨ ਲਈ ਐੱਮ ਆਈ ਐਸ ਸ਼ਾਖ਼ਾ ਵੱਲੋਂ ਇੱਕ ਸਾਫ਼ਟਵੇਅਰ ਤਿਆਰ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਿਲ੍ਹਾ, ਬਲਾਕ ਅਤੇ ਸਕੂਲ ਪੱਧਰ 'ਤੇ ਵਿਦਿਆਰਥੀਆਂ ਨੂੰ ਪ੍ਰਾਪਤ ਕਿਤਾਬਾਂ ਦੀ ਸਟੀਕ ਜਾਣਕਾਰੀ ਤੁਰੰਤ ਪ੍ਰਾਪਤ ਹੋ ਸਕੇ।

7. ਸਕੂਲ ਮੁਖੀਆਂ ਨੂੰ ਖ਼ਾਸ ਹਦਾਇਤ ਕੀਤੀ ਜਾਂਦੀ ਹੈ ਕਿ ਕਿਤਾਬਾਂ ਦੀ ਪ੍ਰਾਪਤੀ ਉਪਰੰਤ ਹੇਠ ਦਰਸਾਏ ਅਨੁਸਾਰ ਤਰੰਤ ਕਾਰਵਾਈ ਕਰਨਗੇ:

   ੳ) ਕਿਤਾਬਾਂ ਦੀ ਪ੍ਰਾਪਤੀ ਕਰਨੀ ਅਤੇ ਸਬੰਧਤ ਨੂੰ ਰਸੀਦ ਜਾਰੀ ਕਰਨੀ।

   ਅ) ਪ੍ਰਾਪਤੀ ਉਪਰੰਤ ਕਿਤਾਬਾਂ ਤੁਰੰਤ ਵਿਦਿਆਰਥੀਆਂ ਨੂੰ ਵੰਡਣੀਆਂ।

ੲ) ਵਿਦਿਆਰਥੀਆਂ ਨੂੰ ਕਿਤਾਬਾਂ ਦੇਣ/ ਜਾਰੀ ਕਰਨ ਤੋਂ ਬਾਅਦ ਤੁਰੰਤ ਵਿਭਾਗੀ ਪੋਰਟਲ 'ਤੇ ਸੂਚਨਾ ਅੱਪਲੋਡ ਕਰਨੀ ਤਾਂ ਜੋ ਮੁੱਖ ਦਫ਼ਤਰ ਵਿਖੇ ਇਹ ਪਤਾ ਲਗਾਇਆ ਜਾ ਸਕੇ ਕਿ ਕਿਹੜੇ ਵਿਦਿਆਰਥੀਆਂ ਨੂੰ ਕਿੰਨੀਆਂ ਕਿਤਾਬਾਂ ਮਿਲ ਗਈਆਂ ਹਨ ਅਤੇ ਕਿੰਨੀਆਂ ਮਿਲਣੀਆਂ ਬਾਕੀ ਹਨ।

ਸ) ਇਹ ਸਕੂਲ ਮੁਖੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ ਤਾਂ ਜੋ ਕੋਈ ਵੀ ਵਿਦਿਆਰਥੀ ਕਿਤਾਬਾਂ ਤੋਂ ਵਾਂਝਾ ਨਾ ਰਹੇ।

੪. ਇਸ ਦੇ ਨਾਲ ਹੀ ਇਹ ਵੀ ਪ੍ਰਚਾਰਨ ਦੀ ਜ਼ਰੂਰਤ ਹੈ ਕਿ ਨਵੇਂ ਵਿੱਦਿਅਕ ਵਰ੍ਹੇ ਤੋਂ ਚੋਣਵੇਂ ਸਰਕਾਰੀ ਸਕੂਲਾਂ ਵਿੱਚ ਅੰਗਰੇਜ਼ੀ ਮਾਧਿਅਮ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਜਿਹੜੇ ਲੋਕ/ ਮਾਪੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਵਿੱਚ ਪੜ੍ਹਾਈ ਕਰਵਾਉਣ ਦੇ ਚਾਹਵਾਨ ਹਨ, ਉਹ ਹੁਣ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚਿਆਂ ਦਾ ਦਾਖ਼ਲਾ ਕਰਵਾ ਸਕਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਉਤਾਰਾ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਵੀ ਖ਼ੇਤਰੀ ਦਫ਼ਤਰਾਂ ਨੂੰ ਵਿਸ਼ਾ-ਅੰਕਿਤ ਮਾਮਲੇ ਦੇ ਸਬੰਧ ਵਿੱਚ ਜਾਣੂੰ ਕਰਵਾ ਦੇਣ ਤਾਂ ਜੋ ਸਮੇਂ ਸਿਰ ਵਿਦਿਆਰਥੀਆਂ ਕਿਤਾਬਾਂ ਪ੍ਰਾਪਤ ਹੋ ਸਕਣ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**